# 26

# ਕ੍ਰੋਧ

## ਰੋਮੀਆਂ 5:6-11

*''ਸੋ ਜਦੋਂ ਅਸੀਂ ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ'' (ਰੋਮੀਆਂ 5:9)।*

ਬੁਨਿਆਦੀ ਪਾਪ ਖ਼ੁਦਾ ਨੂੰ ਇਹ ਦੱਸਣਾ ਹੈ ਕਿ ਉਹਨੂੰ ਕੀ ਹੋਣਾ ਚਾਹੀਦਾ ਹੈ। ਨਵੀਆਂ ਵਿਆਖਿਆਵਾਂ ਸਾਨੂੰ ਇਹ ਦੱਸਦੀਆਂ ਹਨ ਕਿ ਖ਼ੁਦਾ ਗੁੱਸਾ ਨਹੀਂ ਕਰਦਾ। ਕਈਆਂ ਦਾ ਕਹਿਣਾ ਹੈ, ''ਉਹ ਸਿਰਫ਼ ਦੁਖੀ ਹੀ ਹੁੰਦਾ ਹੈ।'' ਅਜਿਹਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਪਾਪ ਨਾਲ ਖ਼ੁਦਾ ਦਾ ਦਿਲ ਟੁੱਟਦਾ ਹੈ, ਪਰ ਉਹ ਕ੍ਰੋਧ ਵੀ ਕਰਦਾ ਹੈ। ਇਬਰਾਨੀਆਂ 10:26-31 ਅਤੇ 12:28, 29 ਵਿਚ ਇਹ ਦੱਸਿਆ ਗਿਆ ਹੈ ਅਤੇ ਪੂਰੀ ਬਾਈਬਲ ਵਿਚ ਇਹ ਇਜ਼ਹਾਰ ਕੀਤਾ ਗਿਆ ਹੈ।

ਪਾਕ ਖ਼ੁਦਾ ਕ੍ਰੋਧ ਕਰਨ ਵਾਲਾ ਹੈ। ''ਕ੍ਰੋਧ'' ਸ਼ਬਦ ਬਾਈਬਲ ਵਿਚ 189 ਵਾਰ ਮਿਲਦਾ ਹੈ। ਬਾਈਬਲ ਵਿਚ ''ਕ੍ਰੋਧ'' ਸ਼ਬਦ ''ਕ੍ਰਿਪਾ'' ਨਾਲੋਂ ਬਹੁਤੀ ਵਾਰ ਆਇਆ ਹੈ। ਅੱਜ ਲੋਕ ਵਚਨ ਤੋਂ ਝਿਜਕ ਸਕਦੇ ਹਨ, ਪਰ ਬਿਨਾਂ ਕ੍ਰੋਧ ਦੇ ਕਿਰਪਾ ਦੀ ਲੋੜ ਹੀ ਨਹੀਂ ਹੋਣੀ ਸੀ। ਨਿਆਂ ਨੂੰ ਘੱਟ ਕਰਨ ਦਾ ਮਤਲਬ ਪਾਪ ਨੂੰ ਘੱਟ ਕਰਨਾ ਹੈ। ਖ਼ੁਦਾ ਕ੍ਰੋਧ ਕਰਦਾ ਹੈ, ਭਿਅੰਕਰ ਗੱਲਾਂ ਦਾ ਬੇਹੱਦ ਗੁੱਸਾ ਕਰਦਾ ਹੈ ਅਤੇ ਉਹਦੇ ਕ੍ਰੋਧ ਦਾ ਇਕ ਦਿਨ ਹੈ। ਪਿਆਰ ਤਾਂ ਹੀ ਹੈ ਜੇ ਗੁੱਸਾ ਹੈ, ਪਰ ਗੁੱਸਾ ਪਿਆਰ ਨਾਲ ਠੰਢਾ ਕੀਤਾ ਜਾਂਦਾ ਹੈ। ਪਿਆਰ ਅਤੇ ਗੁੱਸਾ ਨਾਲ-ਨਾਲ ਚਲਦੇ ਹਨ। ਉਨ੍ਹਾਂ ਨੂੰ ਵੱਖ ਨਹੀਂ ਕੀਤਾ ਜਾਣਾ ਚਾਹੀਦਾ। ਪਿਆਰ ਗੁੱਸੇ ਨੂੰ ਕਾਬੂ ਵਿਚ ਰੱਖਦਾ ਹੈ ਪਰ ਇਸ ਨੂੰ ਨਾਸ ਨਹੀਂ ਕਰਦਾ। ਖ਼ੁਦਾ ਨੇ ਵਾਅਦੇ ਕੀਤੇ ਹਨ। ਕੁਝ ਸਕਾਰਤਮਕ ਹਨ ਅਤੇ ਕੁਝ ਨਕਾਰਤਮਕ। ਖ਼ੁਦਾ *ਦੋਹਾਂ* ਨੂੰ ਪੂਰਾ ਕਰਦਾ ਹੈ।

ਆਧੁਨਿਕ ਵਿਆਖਿਆਕਾਰ ਇਹ ਵੀ ਆਖਦੇ ਹਨ ਕਿ ਯਿਸੂ ਨੂੰ ਗੁੱਸਾ ਨਹੀਂ ਆਉਂਦਾ ਸੀ, ਭਾਵ ਮਸੀਹੀਅਤ ਹਰ ਗੁੱਸੇ ਨੂੰ ਨਿੰਦਦੀ ਹੈ। ਇੰਜੀਲ ਦੀਆਂ ਕਿਤਾਬਾਂ ਪੜ੍ਹੋ। ਯਿਸੂ ਵਿਚ ਗੁੱਸਾ ਸੀ। ਹੈਕਲ ਦੀ ਸਫ਼ਾਈ ਕਰਦਿਆਂ ਉਹ ਹੱਸ ਜਾਂ ਖ਼ੁਸ਼ੀ ਵਿਚ ਆ ਕੇ ਭਜਨ ਨਹੀਂ ਗਾ ਰਿਹਾ ਸੀ। ਖ਼ੁਦਾ ਵਿਚ ਗੁੱਸਾ ਹੈ। ਆਦਮ ਅਤੇ ਹੱਵ੍ਹਾ, ਨੂਹ, ਸਦੂਮ ਅਤੇ ਅਮੂਰਾਹ, ਬਾਬੁਲ, ਅਤੇ ਹਨੰਨੀਆਹ ਅਤੇ ਸਫ਼ੀਰਾ ਨੂੰ ਪੁੱਛੋ।[1] ਰੋਮੀਆਂ ਦੀ ਕਿਤਾਬ ਕਿਰਪਾ ਬਾਰੇ ਹੈ, ਪਰ ਇਹ ਇਸ ਵਿਚ ਖ਼ੁਦਾ ਦੇ ਕ੍ਰੋਧ ਬਾਰੇ ਇਸ ਤੋਂ ਵੀ ਬਹੁਤੀ ਵਾਰ ਹੈ। (''ਕ੍ਰੋਧ'' ਸ਼ਬਦ ਰੋਮੀਆਂ ਦੀ

ਕਿਤਾਬ ਵਿਚ ਬਾਰਾਂ ਵਾਰ ਆਇਆ ਹੈ।) ਕਿਰਪਾ ਲਈ ਖ਼ੁਦਾ ਦੀ ਪ੍ਰੇਰਣਾ ਪਾਏ ਪੌਲੁਸ ਨੇ ਆਪਣੀਆਂ ਪੱਤਰੀਆਂ ਵਿਚ ''ਕ੍ਰੋਧ'' ਇੱਕੀ ਵਾਰ ਵਰਤਿਆ ਹੈ। ਪਾਪ ਦੇ ਦੋਸ਼ ਦੇ ਸਬੰਧ ਵਿਚ ਖ਼ੁਦਾ ਦੇ ਗੁੱਸੇ ਬਾਰੇ ''ਕ੍ਰੋਧ'' ਸ਼ਬਦ ਦੀ ਵਰਤੋਂ ਹੋਰ ਕਿਸੇ ਵੀ ਸ਼ਬਦ ਨਾਲੋਂ ਵੱਧ ਹੋਈ ਹੈ।

## ਕਿਉਂ?

ਕ੍ਰੋਧ ਕਿਉਂ? *ਪਾਪ!* ਕ੍ਰੋਧ ਗੰਭੀਰ, ਸੱਚੀ ਗੁੱਸਾ ਹੈ। ਭਲਾ ਖ਼ੁਦਾ ਨਰਾਜ਼ ਹੋ ਸਕਦਾ ਹੈ? ਅਸਲ ਸਵਾਲ ਹੈ ਕਿ ''ਖ਼ੁਦਾ ਉਸ ਤੋਂ ਵੱਧ ਨਰਾਜ਼ ਕਿਉਂ ਨਹੀਂ ਹੋ ਸਕਦਾ, ਜਿੰਨਾ ਉਹ ਹੈ?'' ਖ਼ੁਦਾ ਸਾਨੂੰ ਬ੍ਰਦਾਸ਼ਤ ਕਿਉਂ ਕਰਦਾ ਹੈ? ਅਸੀਂ ਅਜੇ ਵੀ ਜ਼ਿੰਦਾ ਕਿਉਂ ਹਾਂ? ਖ਼ੁਦਾ ਤਾਂ ਪਾਪ ਤੋਂ ਹੀ ਨਫ਼ਰਤ ਕਰਦਾ ਹੈ (ਜ਼ਬੂਰ 119:104)। ਜਦ ਅਸੀਂ ਪਾਪ ਕਰਦੇ ਹਾਂ ਤਾਂ ਅਸੀਂ ਉਹ ਕਰ ਰਹੇ ਹੁੰਦੇ ਹਾਂ ਜਿਸ ਤੋਂ ਖ਼ੁਦਾ ਨੂੰ ਨਫ਼ਰਤ ਹੈ। ਪਾਪ ਖ਼ੁਦਾ ਨਾਲ ਦੁਸ਼ਮਣੀ, ਬਗ਼ਾਵਤ, ਅਤੇ ਉਹਦੀ ਬੇਇੱਜ਼ਤੀ ਹੈ। ਖ਼ੁਦਾ ਨੇ ਮਨੁੱਖ ਨੂੰ ਅਜਬ ਦੁਨੀਆਂ ਦਿੱਤੀ ਸੀ। ਮਨੁੱਖ ਇਹਦੇ ਨਾਲ ਅਪਮਾਨ ਵਾਲਾ ਸਲੂਕ ਕਰਦਾ ਹੈ। ਸ਼ੈਤਾਨ ਨੇ ਖ਼ੁਦਾ ਨੂੰ ਝੂਠਾ ਆਖਿਆ (ਉਤਪਤ 3:3-5) ਅਤੇ ਹੱਵ੍ਹਾ ਨੇ ਸ਼ੈਤਾਨ 'ਤੇ ਯਕੀਨ ਕਰ ਲਿਆ। ਜਦ ਅਸੀਂ ਪਾਪ ਵਿਚ ਰਹਿੰਦੇ ਹਾਂ ਤਾਂ ਅਸੀਂ ਉਸ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਲੈ ਆਉਂਦੇ ਹਾਂ ਜਿਸ ਤੋਂ ਖ਼ੁਦਾ ਨਫ਼ਰਤ ਕਰਦਾ ਹੈ।

ਆਦਮੀ ਦੀ ਨਜ਼ਰ ਵਿਚ ਗੁੱਸਾ ਦੁੱਖ ਦੇਣ ਵਾਲਾ ਹੈ, ਪਰ ਖ਼ੁਦਾ ਲਈ ਉਹਦਾ ਅਸੂਲ ਹੈ। ਕੁਝ ਹੱਦ ਤਕ ਸਾਨੂੰ ਪਤਾ ਹੈ ਕਿ ਮਨੁੱਖ ਨਾਲ ਕੀ ਕਰਦਾ ਹੈ, ਪਰ ਇਹਦਾ ਬਿਲਕੁਲ ਸੰਕੇਤ ਨਹੀਂ ਹੈ ਕਿ ਉਹਨੇ ਖ਼ੁਦਾ ਨਾਲ ਕੀ ਕੀਤਾ ਹੈ। ਦੁਨੀਆਂ ਵਿਚ ਪਾਪ ਨਾਲ ''ਸਭ ਤੋਂ ਵੱਧ ਕਸ਼ਟ'' ਖ਼ੁਦਾ ਨੂੰ ਹੀ ਹੋਇਆ ਹੈ। ਪਾਪ ਨੇ ਯਿਸੂ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਦਿੱਤਾ। ਖ਼ੁਦਾ ਕੋਲ ਉਸ ਕਠੋਰ, ਸੱਚੇ ਗੁੱਸੇ ਦਾ ਕਾਰਣ ਸੀ! ਜੇ ਖ਼ੁਦਾ ਯਿਸੂ ਨੂੰ ਸਲੀਬ ਦਿੱਤੇ ਜਾਣ ਦੀ ਇਜਾਜ਼ਤ ਦੇ ਸਕਦਾ ਹੈ, ਤਾਂ ਕਲਪਨਾ ਕਰੋ ਕਿ ਖ਼ਤਰਨਾਕ ਪਾਪੀਆਂ ਨਾਲ ਉਹ ਕੀ ਕਰ ਸਕਦਾ ਹੈ! ਆਦਮੀ ਜਿਸ ਨਾਲ ਪਿਆਰ ਕਰਦਾ ਹੈ ਉਹਨੂੰ ਖਤਰਾ ਹੋਣ ਤੇ ਕਿਸੇ ਤੇ ਵੀ ਗੁੱਸਾ ਹੋ ਜਾਂਦਾ ਹੈ। ਖ਼ੁਦਾ ਸਾਡੇ ਨਾਲੋਂ ਨਿਯਮ, ਨਿਆਂ, ਕ੍ਰੋਧ, ਪਵਿੱਤਰਤਾ, ਦਯਾ, ਅਤੇ ਭਲਾਈ ਵਿਚ ਵੱਡਾ ਹੈ। ਜਿੰਨਾ ਅਸੀਂ ਪਾਪ ਕਰਦੇ ਹਾਂ, ਓਨਾ ਹੀ ਘੱਟ ਸਾਨੂੰ ਇਹਦਾ ਪਤਾ ਲਗਦਾ ਹੈ। ਪਾਪ ਖ਼ੁਦਾ ਦੇ ਖ਼ਿਲਾਫ਼ ਹੈ (ਜ਼ਬੂਰ 51:4) ਅਤੇ ਇਕ ਅਰਥ ਵਿਚ ਇਹ ਸਿਰਫ਼ ਖ਼ੁਦਾ ਦੇ ਹੀ ਖ਼ਿਲਾਫ਼ ਹੈ।

ਪਰ ''ਕ੍ਰੋਧ'' ਖ਼ੁਦਾ ਦੀ ਆਖ਼ਰੀ ਗੱਲ ਨਹੀਂ ਹੈ। ਉਹਦੀ ਆਖ਼ਰੀ ਗੱਲ ''ਮਾਫ਼ੀ'' ਹੈ। ਮਾਫ਼ ਨਾ ਕੀਤੇ ਜਾਣ ਯੋਗ ਪਾਪ ਮਾਫ਼ੀ ਪਾਉਣ ਤੋਂ ਇਨਕਾਰ ਕਰਨਾ ਹੈ, ਕਿਉਂਕਿ ਇਸ ਤਰ੍ਹਾਂ ਕਰਕੇ ਅਸੀਂ ਇਕ ਅਜਿਹੀ ਥਾਂ ਪਹੁੰਚ ਸਕਦੇ ਹਾਂ, ਜਿੱਥੋਂ ਤੌਬਾ ਕਰਨੀ ਨਾਮੁਮਕਿਨ ਹੈ।

## ਤੌਬਾ

ਖ਼ੁਦਾ ਗੁੱਸਾ ਕਰਨ ਵਿਚ ''ਧੀਮਾ'' ਹੈ (ਕਹਾਉਤਾਂ 14:29; ਨਹਮਯਾਹ 9:17; ਯਾਕੂਬ 1:19)। ਤੌਬਾ ਨਾ ਕਰਨ ਵਾਲੇ ਹਰ ਪਾਪੀ ਅਤੇ ਹਰ ਪਾਪ ਨੂੰ ਸਜ਼ਾ ਦਿੱਤੀ ਜਾਵੇਗੀ। ਪਾਪੀ ਲੋਕ ਸਿਰਫ਼ ਇਹੀ ਕਰ ਸਕਦੇ ਹਨ ਕਿ ਉਹ ਤੌਬਾ ਕਰਨ। ਪਾਪ ਬੁਨਿਆਦੀ ਹੈ। ਤੌਬਾ ਵੀ ਬੁਨਿਆਦੀ ਹੋਣੀ ਜ਼ਰੂਰੀ ਹੈ। ਦੋਸ਼ ਦਾ ਮਤਲਬ ਹੈ। ਪਾਪ ਕਰਕੇ ਆਦਮੀ ਖ਼ੁਦਾ ਨੂੰ ਬਾਹਰ ਕੱਢ ਦਿੰਦਾ ਹੈ। ਤੌਬਾ ਕਰਕੇ ਆਦਮੀ ਆਪਣੇ ਆਪ ਨੂੰ ਬਾਹਰ ਕੱਢ ਦਿੰਦਾ ਹੈ। ਪਾਪੀਆਂ ਨੂੰ ਪਾਪ

ਅਤੇ ਆਪਣੇ ਆਪ ਤੋਂ ਕੱਢਿਆ ਜਾਣਾ ਜ਼ਰੂਰੀ ਹੈ। ਇਸੇ ਕਰਕੇ ਇੰਜੀਲ ਦਾ ਸੰਦੇਸ਼ ਪਹਿਲਾਂ ਸਾਨੂੰ ਆਪਣੇ ਪਾਪੀ ਹੋਣ ਬਾਰੇ ਅਤੇ ਫਿਰ ਸਾਡੀ ਮੁਕਤੀ ਬਾਰੇ ਦੱਸਦਾ ਹੈ। ਤੌਬਾ ਮੰਨੇ ਜਾਣ ਲਈ ਔਖਾ ਹੁਕਮ ਹੈ, ਪਰ ਇਹ ਮੰਨਿਆ ਜਾਣਾ ਜ਼ਰੂਰੀ ਹੈ।

ਬਾਈਬਲ ਦੇ ਸਭ ਪ੍ਰਚਾਰਕਾਂ ਨੇ ਇੱਕੋ ਵਿਸ਼ੇ ਤੇ ਚਰਚਾ ਕੀਤੀ ਅਤੇ ਉਹ ਹੈ ''ਤੌਬਾ'' ਦਾ ਵਿਸ਼ਾ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਇੱਕੋ ਲਾਈਨ ਦੀ ਸਰਮਨ ਰੂਪਰੇਖਾ ''ਤੌਬਾ ਕਰੋ ਨਹੀਂ ਤਾਂ'' ਦਿੱਤੀ। ਯਿਸੂ ਨੇ ਆਪਣੀ ਸੇਵਕਾਈ ਦੀ ਸ਼ੁਰੂਆਤ ਇਹ ਆਖਦਿਆਂ ਕੀਤੀ ਕਿ ''ਤੌਬਾ ਕਰੋ ਅਤੇ ਖ਼ੁਸ਼ਖਬਰੀ ਉੱਤੇ ਪ੍ਰਤੀਤ ਕਰੋ'' (ਮਰਕੁਸ 1:15)। ਬਿਨਾ ਤੌਬਾ ਕੀਤੇ ਮਾਫ਼ੀ ਮਿਲਣੀ ਨਾਮੁਮਕਿਨ ਹੈ। ਯੂਹੰਨਾ ਨੇ ਵਿਗੜੀਆਂ ਕਲੀਸੀਆਵਾਂ ਨੂੰ ਤੌਬਾ ਕਰਨ ਲਈ ਕਿਹਾ (ਪ੍ਰਕਾਸ਼ ਦੀ ਪੋਥੀ 2; 3)। ਪਾਪੀ ਜੇ ਨਾ ਚਾਹੁਣ ਤਾਂ ਖ਼ੁਦਾ ਵੀ ਉਨ੍ਹਾਂ ਨੂੰ ਬਚਾ ਨਹੀਂ ਸਕਦਾ। ਧਾਰਮਿਕ ਫ਼ਿਰਕੇ ਬਿਨਾ ਸੱਚਾਈ, ਗਿਆਨ, ਤੌਬਾ ਜਾਂ ਹੁਕਮ ਮੰਨਣ ਦੇ ਮੁਕਤੀ ਦਵਾਉਣ ਦੀ ਪੇਸ਼ਕਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਪਾਪੀ ਖ਼ੁਦਾ ਦੇ ਕ੍ਰੋਧ ਹੇਠ ਹਨ। ਸੰਸਾਰ ਅਜਿਹੀ ਮਸੀਹੀਅਤ ਚਾਹੁੰਦਾ ਹੈ ਜੋ ਬਹੁਤ ਘੱਟ ਮੰਗ ਕਰਦੀ ਹੋਵੇ ਅਤੇ ਕੋਈ ਹੁਕਮ ਨਾ ਦੇਵੇ। ਬਿਨਾ ਕਮਾਏ ਪਿਆਰ ਨੂੰ ਬਿਨਾ ਸ਼ਰਤ ਮਾਫ਼ੀ ਨਾਲ ਨਾ ਮਿਲਾਓ।

ਤੌਬਾ ਕੌਣ ਕਰਨਾ ਚਾਹੁੰਦਾ ਹੈ? ''ਤੌਬਾ'' (ਯੂ.: *metanoia*) ਇਕ ਦੂਜਾ ਮਨ, ਨਵਾਂ ਮਨ ਜਾਂ ਬਦਲਿਆ ਹੋਇਆ ਮਨ ਹੈ। ਵਿਹਾਰ ਬਦਲਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਜਿਨ੍ਹਾਂ ਗੱਲਾਂ ਵਿਚ ਅਸੀਂ ਪਹਿਲਾਂ ਵਿਸ਼ਵਾਸ ਕਰਦੇ ਸਾਂ ਉਨ੍ਹਾਂ ਨੂੰ ਬਦਲੀਏ। ਬਦਲੀਆਂ ਹੋਈਆਂ ਜ਼ਿੰਦਗੀਆਂ ਤੋਂ ਤੌਬਾ ਦੇ ਫ਼ਲ ਦਾ ਪਤਾ ਲਗਦਾ ਹੈ (ਮੱਤੀ 3:8)।

ਤੌਬਾ ਕਿਰਪਾ 'ਤੇ ਵਿਸ਼ਵਾਸ ਕਰਨ ਦਾ ਜਵਾਬ ਹੈ (2 ਕੁਰਿੰਥੀਆਂ 7:9, 10; ਰੋਮੀਆਂ 2:4)। ਉਜਾੜੂ ਪੁੱਤਰ ਘਰ ਵਾਪਸ ਨੌਕਰੀ ਦੀ ਤਲਾਸ਼ 'ਚ ਆਇਆ ਸੀ। ਪਿਤਾ ਦੇ ਪਿਆਰ ਨੇ ਉਹਦਾ ਦਿਲ ਅਤੇ ਜ਼ਿੰਦਗੀ ਬਦਲ ਦਿੱਤੀ (ਲੂਕਾ 15:17-24)। ਪਾਪੀਆਂ ਲਈ ਪਾਪ ਨਾਲ ਉਵੇਂ ਹੀ ਨਫ਼ਰਤ ਕਰਨੀ ਜ਼ਰੂਰੀ ਹੈ ਜਿਵੇਂ ਖ਼ੁਦਾ ਕਰਦਾ ਹੈ। ਮਸੀਹੀ ਲੋਕਾਂ ਲਈ ਵਿਸ਼ਵਾਸ ਅਤੇ ਤੌਬਾ ਵਿਚ ਜ਼ਿੰਦਗੀ ਗੁਜ਼ਾਰਨਾ ਜ਼ਰੂਰੀ ਹੈ।

*ਸਲੀਬ ...*
*ਹੋਰ ਰਾਹ ਹੀ ਨਹੀਂ!*